## 4. ਸ.ਸ. ਚਰਨ ਸਿੰਘ ਸ਼ਹੀਦ

### 1. ਇੱਕ ਪਿਆਲਾ ਪਾਣੀ

**(ੳ) ਅਕਬਰ ਨੂੰ ਦਰਬਾਰ ਬੈਠਿਆਂ, ਤ੍ਰੇਹ ਨੇ ਬਹੁਤ ਸਤਾਇਆ।**
**ਸੈਨਤ ਹੁੰਦਿਆਂ, ਨਫ਼ਰ ਪਿਆਲਾ, ਜਲ ਠੰਢੇ ਦਾ ਲਿਆਇਆ।**
**ਪਕੜ ਪਿਆਲਾ ਬਾਦਸ਼ਾਹ ਨੇ, ਮੂੰਹ ਨੂੰ ਚਾਹਿਆ ਲਾਣਾ।**
**ਪਾਸੋਂ ਬੋਲ ਬੀਰਬਲ ਉਠਿਆ, "ਜ਼ਰਾ ਹੱਥ ਅਟਕਾਣਾ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਆਧੁਨਿਕ-ਕਾਵਿ ਭਾਗ ਅਧੀਨ ਦਰਜ਼ ਸ.ਸ. ਚਰਨ ਸਿੰਘ ਸ਼ਹੀਦ ਦੁਆਰਾ ਲਿਖੀ ਹੋਈ ਕਵਿਤਾ 'ਇੱਕ ਪਿਆਲਾ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਦੱਸਿਆ ਗਿਆ ਕਿ ਜਦੋਂ ਅਕਬਰ ਬਾਦਸ਼ਾਹ ਪਿਆਸ ਲੱਗਣ ਤੇ ਪਾਣੀ ਮੰਗਵਾਕੇ ਪੀਣ ਲੱਗਾ ਤਾਂ ਉਸਦੇ ਵਜ਼ੀਰ ਬੀਰਬਲ ਨੇ ਪਾਣੀ-ਪੀਣ ਤੋਂ ਪਹਿਲਾਂ ਇੱਕ ਸਵਾਲ ਦਾ ਜਵਾਬ ਦੇਣ ਲਈ ਕਿਹਾ।

**ਵਿਆਖਿਆ -** ਕਵੀ ਲਿਖਦਾ ਹੈ ਕਿ ਜਦੋਂ ਮੁਗ਼ਲ ਬਾਦਸ਼ਾਹ ਨੂੰ ਆਪਣੇ ਦਰਬਾਰ ਵਿੱਚ ਬੈਠਿਆਂ ਪਿਆਸ ਲੱਗੀ, ਤਾਂ ਉਨ੍ਹਾਂ ਨੇ ਇਸ਼ਾਰਾ ਕਰਕੇ ਆਪਣੇ ਨੌਕਰ ਤੋਂ ਪਾਣੀ ਦਾ ਪਿਆਲਾ ਮੰਗਵਾਇਆ। ਅਕਬਰ ਬਾਦਸ਼ਾਹ ਜਦੋਂ ਨੌਕਰ ਦੇ ਹੱਥੋਂ ਪਾਣੀ ਦਾ ਪਿਆਲਾ ਲੈ ਕੇ ਪੀਣ ਲਈ ਮੂੰਹ ਨੂੰ ਲਾਉਣ ਲੱਗੇ, ਤਾਂ ਉਨ੍ਹਾਂ ਦੇ ਕੋਲ ਬੈਠੇ ਵਜ਼ੀਰ ਬੀਰਬਲ ਨੇ ਕਿਹਾ ਕਿ ਉਹ ਕੁਝ ਸਮਾਂ ਪਾਣੀ ਪੀਣ ਤੋਂ ਰੁਕ ਜਾਣ।

**(ਅ) ਪਹਿਲਾਂ ਦੱਸੋ ਆਪ ਇੱਕ ਗਲ, ਜੇ ਪਾਣੀ ਮੁਕ ਜਾਵੇ।**
**ਸੈ ਕੋਹਾਂ ਤਕ ਜਤਨ ਕੀਤਿਆਂ, ਇੱਕ ਬੂੰਦ ਨਾ ਥਿਆਵੇ।**
**ਅਤੀ ਪਿਆਸ ਲੱਗੀ ਹੋਏ ਤੁਹਾਨੂੰ, ਜਲ ਬਿਨ ਮਰਦੇ ਜਾਵੋ।**
**ਮਾਹੀ ਵਾਂਗ ਆਬ ਬਿਨ ਤੜਫੋ, ਉਲਟ ਬਾਜ਼ੀਆਂ ਖਾਵੋ।**
**ਸੱਚ ਦਸੋ ਜੇ ਉਸ ਵੇਲੇ ਕੋਈ ਇਕ ਜਲ ਪਿਆਲਾ ਲਿਆਵੇ,**
**ਕੀ ਕੁਝ ਦਿਓ ਹਜ਼ੂਰ ਓਸ ਨੂੰ ? ਕੀ ਕੀਮਤ ਉਹ ਪਾਵੇ ?"**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਆਧੁਨਿਕ-ਕਾਵਿ ਭਾਗ ਅਧੀਨ ਦਰਜ਼ ਸ.ਸ. ਚਰਨ ਸਿੰਘ ਸ਼ਹੀਦ ਦੁਆਰਾ ਲਿਖੀ ਹੋਈ ਕਵਿਤਾ 'ਇੱਕ ਪਿਆਲਾ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਦੱਸਿਆ ਗਿਆ ਕਿ ਜਦੋਂ ਅਕਬਰ ਬਾਦਸ਼ਾਹ ਪਿਆਸ ਲੱਗਣ ਤੇ ਪਾਣੀ ਮੰਗਵਾਕੇ ਪੀਣ ਲੱਗੇ, ਤਾਂ ਉਸਦੇ ਵਜ਼ੀਰ ਬੀਰਬਲ ਨੇ ਪਾਣੀ-ਪੀਣ ਤੋਂ ਰੋਕ ਲਿਆ ਅਤੇ ਆਪਣਾ ਇੱਕ ਸਵਾਲ ਬਾਦਸ਼ਾਹ ਅੱਗੇ ਰੱਖਿਆ।

**ਵਿਆਖਿਆ -** ਬੀਰਬਲ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਪਾਣੀ ਦਾ ਪਿਆਲਾ ਪੀਣ ਤੋਂ ਪਹਿਲਾਂ ਉਸ ਦੇ ਇਕ ਸਵਾਲ ਦਾ ਜਵਾਬ ਦੇਣ ਕਿ ਜੇਕਰ ਪਾਣੀ ਮੁੱਕ ਜਾਵੇ, ਸੌ ਕੋਹਾਂ ਤੱਕ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਪਾਣੀ ਦੀ ਇੱਕ ਬੂੰਦ ਵੀ ਨਾ ਲੱਭੇ। ਦੂਜੇ ਪਾਸੇ ਉਨ੍ਹਾਂ ਨੂੰ ਬਹੁਤ ਪਿਆਸ ਲੱਗੀ ਹੋਵੇ, ਪਾਣੀ ਤੋਂ ਬਿਨਾਂ ਉਹ ਇਸ ਤਰ੍ਹਾਂ ਤੜਫ ਰਹੇ ਹੋਣ, ਜਿਸ ਤਰ੍ਹਾਂ ਮੱਛੀ ਪਾਣੀ ਬਿਨਾਂ ਤੜਫਦੀ ਹੋਈ ਉਲਟ ਬਾਜੀਆਂ ਲਾਉਂਦੀ ਹੈ। ਉਹ ਸੱਚ ਦੱਸਣ ਕਿ ਉਸ ਸਮੇਂ ਜੇਕਰ ਕੋਈ ਪਾਣੀ ਦਾ ਇੱਕ ਪਿਆਲਾ ਉਹਨਾਂ ਲਈ ਲਿਆਵੇ, ਤਾਂ ਹਜ਼ੂਰ ਉਸ ਨੂੰ ਕੀ ਮੁੱਲ ਦੇਣਗੇ? ਉਸ ਨੂੰ ਲਿਆਂਦੇ ਦੁਰਲੱਭ ਪਾਣੀ ਦੇ ਪਿਆਲੇ ਦੀ ਕੀ ਕੀਮਤ ਮਿਲੇਗੀ?

**(ੲ) ਹਸ ਕੇ ਅਕਬਰ ਕਹਿਣ ਲੱਗਾ, "ਜੇ ਐਸੀ ਦਸ਼ਾ ਵਿਆਪੇ।**
**ਅੱਧਾ ਰਾਜ ਦਿਆਂ ਮੁੱਲ ਇਸ ਦਾ, ਖ਼ੁਸ਼ੀ ਨਾਲ ਮੈਂ ਆਪੇ।"**

**ਇਹ ਕਹਿ ਕੇ ਓਹ ਜਲ ਦਾ ਪਿਆਲਾ, ਗਟ-ਗਟ ਸ਼ਾਹ ਚੜ੍ਹਾਇਆ ।**

**ਫੇਰ ਬੀਰਬਲ ਨੇ ਸ਼ਾਹ ਅੱਗੇ, ਸਵਾਲ ਦੂਸਰਾ ਪਾਇਆ -**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਆਧੁਨਿਕ-ਕਾਵਿ ਭਾਗ ਅਧੀਨ ਦਰਜ਼ ਸ.ਸ. ਚਰਨ ਸਿੰਘ ਸ਼ਹੀਦ ਦੁਆਰਾ ਲਿਖੀ ਹੋਈ ਕਵਿਤਾ 'ਇੱਕ ਪਿਆਲਾ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਦੱਸਿਆ ਗਿਆ ਕਿ ਜਦੋਂ ਅਕਬਰ ਬਾਦਸ਼ਾਹ ਪਿਆਸ ਲੱਗਣ ਤੇ ਪਾਣੀ ਮੰਗਵਾਕੇ ਪੀਣ ਲੱਗੇ, ਤਾਂ ਉਸਦੇ ਵਜ਼ੀਰ ਬੀਰਬਲ ਨੇ ਪਾਣੀ-ਪੀਣ ਤੋਂ ਰੋਕ ਲਿਆ ਅਤੇ ਆਪਣਾ ਇੱਕ ਸਵਾਲ ਬਾਦਸ਼ਾਹ ਅੱਗੇ ਰੱਖਿਆ। ਅਕਬਰ ਨੇ ਸਵਾਲ ਦਾ ਜਵਾਬ ਦੇ ਕੇ ਪਾਣੀ ਪੀ ਲਿਆ।

**ਵਿਆਖਿਆ -** ਬੀਰਬਲ ਦਾ ਪ੍ਰਸ਼ਨ ਸੁਣ ਕੇ ਅਕਬਰ ਨੇ ਕਿਹਾ ਕਿ ਜੇਕਰ ਅਜਿਹੀ ਅਵਸਥਾ ਆ ਜਾਵੇ ਤੇ ਪਾਣੀ ਕਿਧਰੇ ਵੀ ਨਾ ਮਿਲੇ ਅਤੇ ਪਿਆਸ ਨਾਲ ਉਸ ਦਾ ਬੁਰਾ ਹਾਲ ਹੋ ਰਿਹਾ ਹੋਵੇ, ਤਾਂ ਉਸ ਵੇਲੇ ਜੋ ਕੋਈ ਉਸ ਲਈ ਪਾਣੀ ਦਾ ਇੱਕ ਪਿਆਲਾ ਲਿਆਵੇਗਾ, ਮੈਂ ਉਸ ਆਦਮੀ ਨੂੰ ਉਸਦੇ ਪਾਣੀ ਦੇ ਇੱਕ ਪਿਆਲੇ ਦੀ ਕੀਮਤ ਦੇ ਰੂਪ ਵਿੱਚ ਆਪਣਾ ਅੱਧਾ ਰਾਜ ਭਾਗ ਆਪੇ ਖੁਸ਼ੀ ਨਾਲ ਦੇ ਦੇਵਾਂਗਾ। ਇਸ ਤਰ੍ਹਾਂ ਅਕਬਰ ਬਾਦਸ਼ਾਹ ਨੇ ਬੀਰਬਲ ਦੇ ਉੱਤਰ ਦਾ ਜਵਾਬ ਦੇ ਕੇ ਪਾਣੀ ਦਾ ਪਿਆਲਾ ਮੂੰਹ ਨੂੰ ਲਾ ਲਿਆ ਅਤੇ ਗਟ-ਗਟ ਕਰਕੇ ਪੀ ਗਏ। ਉਸ ਤੋਂ ਬਾਅਦ ਬੀਰਬਲ ਨੇ ਬਾਦਸ਼ਾਹ ਅੱਗੇ ਦੂਸਰਾ ਸਵਾਲ ਪਾ ਦਿੱਤਾ।

**(ਸ) "ਦੱਸੋ ਭਲਾ, ਜੇ ਇਹ ਪਾਣੀ ਹੁਣ, ਦੇਹ ਅੰਦਰ ਰੁਕ ਜਾਵੇ ।**

**ਰੁਕ ਜਾਵੇ ਪੇਸ਼ਾਬ ਆਪ ਦਾ ਜਾਨ ਪਿਆ ਤੜਫਾਵੇ ।**

**ਬਚਣ ਲਈ ਉਸ ਕਸ਼ਟੋਂ ਕਿੰਨੇ, ਪੀਰ ਪੈਗ਼ੰਬਰ ਸੇਵੋ ,**

**ਅੱਧਾ ਰਾਜ ਮੰਗੇ ਜੇ ਕੋਈ, ਦੇਵੋ ਯਾ ਨਾ ਦੇਵੋ ?"**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਆਧੁਨਿਕ-ਕਾਵਿ ਭਾਗ ਅਧੀਨ ਦਰਜ਼ ਸ.ਸ. ਚਰਨ ਸਿੰਘ ਸ਼ਹੀਦ ਦੁਆਰਾ ਲਿਖੀ ਹੋਈ ਕਵਿਤਾ 'ਇੱਕ ਪਿਆਲਾ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਦੱਸਿਆ ਗਿਆ ਕਿ ਜਦੋਂ ਅਕਬਰ ਬਾਦਸ਼ਾਹ ਨੇ ਬੀਰਬਲ ਦੇ ਪਹਿਲੇ ਸਵਾਲ ਦਾ ਜਵਾਬ ਦੇ ਕੇ ਪਾਣੀ ਪੀ ਲਿਆ ਤਾਂ ਬੀਰਬਲ ਨੇ ਬਾਦਸ਼ਾਹ ਅੱਗੇ ਆਪਣਾ ਦੂਸਰਾ ਸਵਾਲ ਪਾਇਆ।

**ਵਿਆਖਿਆ -** ਬੀਰਬਲ ਨੇ ਬਾਦਸ਼ਾਹ ਨੂੰ ਦੂਸਰਾ ਪ੍ਰਸ਼ਨ ਕਰਦਿਆਂ ਕਿਹਾ ਕਿ ਹੁਣ ਉਸ ਨੂੰ ਇਹ ਦੱਸਣ ਕਿ ਜੇਕਰ ਉਨ੍ਹਾਂ ਦੁਆਰਾ ਪੀਤਾ ਪਾਣੀ ਉਨ੍ਹਾਂ ਦੇ ਸਰੀਰ ਦੇ ਅੰਦਰ ਹੀ ਰੁੱਕ ਜਾਵੇ। ਭਾਵ ਉਹਨਾਂ ਨੂੰ ਪਿਸ਼ਾਬ ਨਾ ਆਵੇ। ਉਹ ਇਸ ਬਿਮਾਰੀ ਤੋਂ ਬਚਣ ਲਈ ਪੀਰਾਂ ਪੈਗੰਬਰਾਂ ਨੂੰ ਖੁਸ਼ ਕਰਨ ਵਾਲੇ ਅਨੇਕਾਂ ਧਾਰਮਿਕ ਕਰਮ-ਕਾਂਡ ਕਰਨ ਲੱਗਣ । ਜੇਕਰ ਇਸ ਸਮੇਂ ਕੋਈ ਉਨ੍ਹਾਂ ਦਾ ਕਸ਼ਟ ਦੂਰ ਕਰ ਦੇਵੇ ਅਤੇ ਇਨਾਮ ਵਜੋਂ ਅੱਧਾ ਰਾਜ ਭਾਗ ਮੰਗ ਲਵੇ, ਤਾਂ ਕੀ ਉਹ ਦੇ ਦੇਣਗੇ ਜਾਂ ਨਹੀਂ?

**(ਹ) ਚਕ੍ਰਿਤ ਹੋ ਕੇ ਸ਼ਾਹ ਬੋਲਿਆ, "ਜ਼ਰਾ ਢਿੱਲ ਨਾ ਲਾਵਾਂ ।**

**ਬੇਸ਼ਕ ਅੱਧਾ ਰਾਜ ਭਾਗ ਮੈਂ, ਫ਼ੌਰਨ ਭੇਟ ਕਰਾਵਾਂ।"**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਆਧੁਨਿਕ-ਕਾਵਿ ਭਾਗ ਅਧੀਨ ਦਰਜ਼ ਸ.ਸ. ਚਰਨ ਸਿੰਘ ਸ਼ਹੀਦ ਦੁਆਰਾ ਲਿਖੀ ਹੋਈ ਕਵਿਤਾ 'ਇੱਕ ਪਿਆਲਾ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਦੱਸਿਆ ਗਿਆ ਕਿ ਅਕਬਰ ਬਾਦਸ਼ਾਹ ਨੇ ਆਪਣੇ ਕਸ਼ਟ ਦੇ ਇਲਾਜ਼ ਲਈ ਆਪਾਣਾ ਬਾਕੀ ਰਹਿੰਦਾ ਅੱਧਾ ਰਾਜ ਭਾਗ ਦੇਣ ਲਈ ਕਿਹਾ।

**ਵਿਆਖਿਆ** - ਬਾਦਸ਼ਾਹ ਅਕਬਰ ਨੇ ਹੈਰਾਨ ਹੋ ਕੇ ਬੀਰਬਲ ਦੇ ਉੱਤਰ ਦਾ ਜਵਾਬ ਦਿੰਦਿਆਂ ਕਿਹਾ ਕਿ ਜੇਕਰ ਉਸ ਨੂੰ ਅਜਿਹੀ ਬਿਮਾਰੀ ਦਾ ਸਾਹਮਣਾ ਕਰਨਾ ਪੈ ਜਾਵੇ, ਤਾਂ ਇਸ ਕਸ਼ਟ ਨੂੰ ਦੂਰ ਕਰਨ ਵਾਲੇ ਨੂੰ ਉਹ ਬਿਨਾਂ ਸੰਦੇਹ ਤੋਂ ਕਿਸੇ ਤਰ੍ਹਾਂ ਦੀ ਦੇਰੀ ਕੀਤੇ ਬਿਨਾ ਆਪਣਾ ਅੱਧਾ ਰਾਜ ਭਾਗ ਦੇ ਦੇਣਗੇ।

**(ਕ) ਹਸ ਕੇ ਆਖੇ ਬੀਰਬਲ ਫਿਰ, "ਇਸ ਤੋਂ ਸਾਬਤ ਹੋਇਆ ।**

**ਇੱਕ ਪਿਆਲੇ ਜਲ ਦਾ ਮੁਲ ਹੈ, ਰਾਜ ਤੁਹਾਡਾ ਗੋਇਆ ।**

**ਜੋ ਅਣ-ਮਿਣਿਆ-ਤੁਲਿਆ ਇਹ ਜਲ, ਸਭ ਨੂੰ ਮੁਫ਼ਤ ਪੁਚਾਵੇ ।**
**ਉਸ ਰਬ 'ਸੁਥਰੇ' ਦੀ ਬਖ਼ਸ਼ਿਸ਼ ਦਾ ਬੰਦਾ ਕੀ ਮੁਲ ਪਾਵੇ ?"**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਆਧੁਨਿਕ-ਕਾਵਿ ਭਾਗ ਅਧੀਨ ਦਰਜ਼ ਸ.ਸ. ਚਰਨ ਸਿੰਘ ਸ਼ਹੀਦ ਦੁਆਰਾ ਲਿਖੀ ਹੋਈ ਕਵਿਤਾ 'ਇੱਕ ਪਿਆਲਾ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਦੱਸਿਆ ਗਿਆ ਕਿ ਜਦੋਂ ਅਕਬਰ ਬਾਦਸ਼ਾਹ ਦੇ ਵਿਸਾਲ ਰਾਜ ਦੀ ਕੀਮਤ ਇੱਕ ਪਿਆਲੇ ਪਾਣੀ ਦੇ ਬਰਾਬਰ ਹੈ। ਪਰਮਾਤਮਾ ਸਭ ਨੂੰ ਮੁਫਤ ਵਿੱਚ ਹੀ ਅਣ-ਤੋਲਿਆ ਪਾਣੀ ਦੇ ਰਿਹਾ ਹੈ , ਬੰਦਾ ਉਸ ਦਾ ਕੀ ਮੁੱਲ ਪਾ ਸਕਦਾ ਹੈ?

**ਵਿਆਖਿਆ -** ਜਦੋਂ ਅਕਬਰ ਬਾਦਸ਼ਾਹ ਨੇ ਬੀਰਬਲ ਦੇ ਦੋਹਾਂ ਪ੍ਰਸ਼ਨਾਂ ਦੇ ਉੱਤਰ ਦੇ ਦਿੱਤੇ, ਤਾਂ ਬੀਰਬਲ ਨੇ ਕਿਹਾ ਕਿ ਇਸ ਤਰ੍ਹਾਂ ਇਹ ਸਾਬਤ ਹੋ ਗਿਆ ਕਿ ਤੁਹਾਡੇ ਸਾਰੇ ਰਾਜ ਦਾ ਮੁੱਲ ਇੱਕ ਪਿਆਲਾ ਪਾਣੀ ਦੇ ਬਰਾਬਰ ਹੈ। ਧਰਤੀ ਉੱਪਰ ਪਾਣੀ ਪਰਮਾਤਮਾ ਦੀ ਬਖਸ਼ਿਸ਼ ਹੈ। ਜੋ ਬਿਨਾਂ ਤੋਲਿਆਂ ਜਾਂ ਮਿਣਿਆਂ ਪਾਣੀ ਪੂਰੀ ਦੁਨੀਆਂ ਨੂੰ ਮਿਲ ਰਿਹਾ ਹੈ । ਇਨਸਾਨ ਪਰਮਾਤਮਾ ਦੀ ਇਸ ਬਖਸ਼ਿਸ਼ ਦਾ ਮੁੱਲ ਪਾਉਣ ਦੀ ਸਮਰੱਥਾ ਨਹੀਂ ਰੱਖਦਾ।

## ਕੇਂਦਰੀ ਭਾਵ

ਜੇਕਰ ਸੰਕਟ ਦੀ ਸਥਿਤੀ ਵਿੱਚ ਪਾਣੀ ਦੇ ਇੱਕ ਪਿਆਲੇ ਦੀ ਕੀਮਤ ਅਕਬਰ ਵਰਗੇ ਬਾਦਸ਼ਾਹ ਦਾ ਸਮੁੱਚਾ ਰਾਜ ਹੋ ਸਕਦੀ ਹੈ, ਤਾਂ ਬੰਦਾ ਉਸ ਪ੍ਰਮਾਤਮਾ ਦੁਆਰਾ ਪ੍ਰਾਪਤ ਬਖਸ਼ਿਸ਼ ਦਾ ਮੁੱਲ ਪਾਉਣ ਦੇ ਸਮਰੱਥ ਨਹੀਂ ਹੈ, ਜਿਹੜਾ ਕਿ ਉਸ ਨੂੰ ਅਣ-ਮਿਣਿਆਂ ਅਤੇ ਅਣ-ਤੋਲਿਆ ਪਾਣੀ ਮੁਫ਼ਤ ਵਿੱਚ ਹੀ ਦੇ ਰਿਹਾ ਹੈ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. ਇੱਕ 'ਪਿਆਲਾ ਪਾਣੀ' ਕਵਿਤਾ ਕਿਸ ਦੀ ਲਿਖੀ ਹੈ ?**

ਉੱਤਰ - ਸ.ਸ. ਚਰਨ ਸਿੰਘ ਸ਼ਹੀਦ ਦੀ ।

**ਪ੍ਰਸ਼ਨ 2. ਅਕਬਰ ਕਿੱਥੇ ਬੈਠਾ ਸੀ ?**

ਉੱਤਰ -ਦਰਬਾਰ ਵਿੱਚ ।

**ਪ੍ਰਸ਼ਨ 3. ਅਕਬਰ ਨੂੰ ਕਿਸ ਚੀਜ਼ ਨੇ ਸਤਾਇਆ ?**

ਉੱਤਰ - ਤ੍ਰੇਹ ਨੇ।

**ਪ੍ਰਸ਼ਨ 4. ਪਾਣੀ ਦਾ ਪਿਆਲਾ ਕੌਣ ਲਿਆਇਆ ?**

ਉੱਤਰ – ਨਫ਼ਰ (ਨੌਕਰ) ।

**ਪ੍ਰਸ਼ਨ 5. ਬੀਰਬਲ ਨੇ ਅਕਬਰ ਨੂੰ ਕਿੰਨੇ ਸਵਾਲ ਕੀਤੇ ?**

ਉੱਤਰ -ਦੋ ।

**ਪ੍ਰਸ਼ਨ 6. ਇੱਕ ਪਿਆਲੇ ਪਾਣੀ ਦਾ ਮੁੱਲ ਕੀ ਪਿਆ ?**

ਉੱਤਰ - ਅਕਬਰ ਦਾ ਸਾਰਾ ਰਾਜ ।

## 2. ਗ਼ਲਤ ਫ਼ਹਿਮੀਆਂ

**(ੳ) ਮੈਂ ਦੇਖ ਹਮਾਕਤ ਦੁਨੀਆਂ ਦੀ ਹੁੰਦਾ ਹਾਂ ਦੂਰ੍ਹਾ ਹਸ-ਹਸ ਕੇ,**
**ਪੈ ਲੋਕ ਮੁਸੀਬਤ ਝਲਦੇ ਨੇ ਵਿਚ ਗ਼ਲਤ ਫ਼ਹਿਮੀਆਂ ਫਸ-ਫਸ ਕੇ।**
**'ਕੋਝੇ' ਨੂੰ ਲਗਾ ਭੁਲੇਖਾ ਹੈ, ਬਣ -ਬਣ ਕੇ 'ਸੋਣ੍ਹਾ' ਫੂਲਦਾ ਹੈ,**
**ਜਦ ਲੋਕ ਟਿਚਕਰਾਂ ਕਰਦੇ ਨੇ, ਤਾਂ ਅੰਦਰ-ਅੰਦਰ ਘੁਲਦਾ ਹੈ।**
**'ਮੂਰਖ' ਖ਼ੁਦ ਤਈਂ ਸਮਝਦਾ ਹੈ, ਅਕਲਈਆ ਵੱਧ ਵਿਦਵਾਨਾਂ ਤੋਂ,**
**ਫਿਰ ਰੋਂਦਾ ਹੈ ਜਦ ਜਗਤ ਕਰੇ, ਵਰਤਾਉ ਬੁਰਾ ਹੈਵਾਨਾਂ ਤੋਂ।**
**ਕੰਗਲਾ ਹੈ ਫਸਿਆ ਗ਼ਲਤੀ ਵਿਚ, ਧਨੀਆਂ ਦੀਆਂ ਰੀਸਾਂ ਕਰਦਾ ਹੈ,**
**ਜਦ ਕਰਜ਼ੇ-ਸੂਦ ਕੁਚਲਦੇ ਨੇ, ਤਾਂ ਰੋਂਦਾ ਹਉਕੇ ਭਰਦਾ ਹੈ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਆਧੁਨਿਕ-ਕਾਵਿ ਭਾਗ ਅਧੀਨ ਦਰਜ਼ ਸ.ਸ. ਚਰਨ ਸਿੰਘ ਸ਼ਹੀਦ ਦੁਆਰਾ ਲਿਖੀ ਹੋਈ ਕਵਿਤਾ 'ਗ਼ਲਤ ਫਹਿਮੀਆਂ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਦੱਸਿਆ ਗਿਆ ਕਿ ਸੰਸਾਰ ਵਿੱਚ ਮਨੁੱਖ ਗ਼ਲਤ ਫਹਿਮੀਆਂ ਵਿੱਚ ਪੈ ਕੇ ਕਈ ਪ੍ਰਕਾਰ ਦੇ ਦੁੱਖ ਕਸ਼ਟ ਭੋਗ ਰਿਹਾ ਹੈ।

**ਵਿਆਖਿਆ** - ਕਵੀ ਕਹਿੰਦਾ ਹੈ ਕਿ ਦੁਨੀਆਂ ਦੀ ਮੂਰਖਤਾ ਦੇਖ ਕੇ ਉਸ ਨੂੰ ਹਾਸਾ ਆਉਂਦਾ ਹੈ। ਉਹ ਮਹਿਸੂਸ ਕਰਦਾ ਹੈ ਕਿ ਦੁਨੀਆਂ ਦੇ ਲੋਕ ਕਈ ਪ੍ਰਕਾਰ ਦੇ ਭੁਲੇਖਿਆਂ ਵਿਚ ਫਸ ਕੇ ਬਿਨਾਂ ਗੱਲ ਤੋਂ ਦੁੱਖ ਸਹਿ ਰਹੇ ਹਨ। ਕਿਸੇ ਨੂੰ ਇਹ ਭੁਲੇਖਾ ਹੈ ਕਿ ਉਹ ਬਹੁਤ ਸੋਹਣਾ ਹੈ। ਜਿਸ ਕਰਕੇ ਉਹ ਦੁਨੀਆਂ ਅੱਗੇ ਸੋਹਣੇ ਹੋਣ ਦਾ ਦਿਖਾਵਾ ਕਰਦਾ ਹੈ, ਪਰ ਜਦੋਂ ਲੋਕ ਉਸ ਨੂੰ ਉਸ ਦੇ ਦਿਖਾਵੇ ਕਰਕੇ ਮਖੌਲ ਕਰਦੇ ਹਨ, ਤਾਂ ਉਹ ਅੰਦਰੋਂ-ਅੰਦਰੀ ਦੁਖੀ ਹੁੰਦਾ ਹੈ। ਇਸੇ ਤਰ੍ਹਾਂ ਮੂਰਖ ਨੂੰ ਇਹ ਭੁਲੇਖਾ ਹੁੰਦਾ ਹੈ ਕਿ ਉਹ ਵਿਦਵਾਨਾਂ ਨਾਲੋਂ ਵੀ ਵੱਧ ਸਿਆਣਾ ਹੈ, ਪਰ ਜਦੋਂ ਦੁਨੀਆਂ ਉਸ ਨਾਲ ਪਸ਼ੂਆਂ ਵਰਗਾ ਵਿਵਹਾਰ ਕਰਦੀ ਹੈ, ਤਾਂ ਉਹ ਦੁਖੀ ਹੁੰਦਾ ਹੈ। ਇਸੇ ਤਰ੍ਹਾਂ ਗਰੀਬ ਗਲਤੀ ਨਾਲ ਅਮੀਰਾਂ ਦੀਆਂ ਰੀਸਾਂ ਕਰਦਾ ਹੋਇਆ ਕਈ ਪ੍ਰਕਾਰ ਦੇ ਦਿਖਾਵਿਆਂ ਵਿੱਚ ਪੈ ਕੇ ਖਰਚਾ ਕਰਦਾ ਹੈ, ਪਰ ਜਦੋਂ ਕਰਜ਼ੇ ਅਤੇ ਵਿਆਜ ਥੱਲੇ ਦੱਬਿਆ ਜਾਂਦਾ ਹੈ, ਤਾਂ ਫਿਰ ਕਈ ਪ੍ਰਕਾਰ ਦੇ ਦੁੱਖ ਸਹਿਣ ਕਰਦਾ ਹੋਇਆ ਰੋਂਦਾ ਅਤੇ ਹਉਕੇ ਭਰਦਾ ਹੈ।

**(ਅ) ਕਮਜ਼ੋਰ 'ਬਲੀ' ਸਮ ਆਕੜ ਕੇ, ਜਾ ਨਾਲ ਤਕੜਿਆਂ ਖਹਿੰਦਾ ਹੈ,**
**ਤਦ ਹੋਸ਼ ਮਗ਼ਜ਼ ਵਿਚ ਔਂਦੀ ਹੈ, ਜਦ ਹੱਡ ਤੁੜਾ ਕੇ ਬਹਿੰਦਾ ਹੈ।**
**ਕੋਈ 'ਸੋਨੇ' ਸੂਲੀ ਚੜ੍ਹਿਆ ਹੈ, ਸੱਪ 'ਰੰਗ' ਕਿਸੇ ਨੂੰ ਡਸਿਆ ਹੈ,**
**ਕੋਈ 'ਰਾਜ' ਭੁਲੇਖੇ ਭੁਲਿਆ ਹੈ, ਕੋਈ 'ਜ਼ਾਤ' ਭੁੱਲ ਵਿਚ ਫਸਿਆ ਹੈ।**
**'ਬੁੱਧੂ' ਦੇ ਭਾਣੇ ਹਥ ਕੰਡੇ, ਸਭ ਜੱਗ ਦੇ ਉਸਨੂੰ ਆਂਦੇ ਨੇ,**
**ਪਛਤਾਂਦਾ ਹੈ, ਜਦ ਚਤੁਰ ਲੋਕ, ਤਿਸ ਵੇਚ ਪਕੌੜੇ ਖਾਂਦੇ ਨੇ।**
**ਪਿਉ ਜਿਸਦਾ ਕਾਲੇ ਅੱਖਰ ਤੋਂ, ਮਹਿੰ ਕਾਲੀ ਵਾਂਗੂੰ ਡਰਦਾ ਹੈ,**
**ਉਹ 'ਡੰਗਰ' ਆਪਣੀ ਉਪਮਾ ਕਰ, 'ਕਵੀਆਂ' ਦੀ ਨਿੰਦਾ ਕਰਦਾ ਹੈ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਆਧੁਨਿਕ-ਕਾਵਿ ਭਾਗ ਅਧੀਨ ਦਰਜ਼ ਸ.ਸ. ਚਰਨ ਸਿੰਘ ਸ਼ਹੀਦ ਦੁਆਰਾ ਲਿਖੀ ਹੋਈ ਕਵਿਤਾ 'ਗ਼ਲਤ ਫਹਿਮੀਆਂ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਦੱਸਿਆ ਗਿਆ ਕਿ ਸੰਸਾਰ ਵਿੱਚ ਮਨੁੱਖ ਦੂਸਰਿਆਂ ਦੀ ਰੀਸ ਕਰਕੇ ਆਪਣੇ ਆਪ ਨੂੰ ਦੂਜਿਆਂ ਨਾਲੋਂ ਉੱਤਮ ਸਮਝ ਕੇ ਕਈ ਪ੍ਰਕਾਰ ਦੀਆਂ ਗ਼ਲਤ ਫਹਿਮੀਆਂ ਵਿੱਚ ਪੈ ਕੇ ਕਈ ਪ੍ਰਕਾਰ ਦੇ ਦੁੱਖ ਕਸ਼ਟ ਭੋਗ ਰਿਹਾ ਹੈ।

**ਵਿਆਖਿਆ -** ਕਵੀ ਲਿਖਦਾ ਹੈ ਕਿ ਕਮਜ਼ੋਰ ਆਦਮੀ ਆਪਣੀ ਤਾਕਤ ਬਾਰੇ ਭੁਲੇਖੇ ਵਿੱਚ ਪੈ ਕੇ ਤਾਕਤਵਰ ਲੋਕਾਂ ਨਾਲ ਝਗੜਾ ਕਰਦਾ ਹੈ, ਪਰ ਜਦੋਂ ਅਗਲਾ ਹੱਡ ਤੋੜ ਦਿੰਦਾ ਹੈ, ਤਾਂ ਫਿਰ ਹੀ ਉਸ ਦੀ ਹੋਸ਼ ਟਿਕਾਣੇ ਆ ਜਾਂਦੀ ਹੈ। ਇਸ ਤਰ੍ਹਾਂ ਕੋਈ ਗ਼ਲਤ ਫਹਿਮੀਆਂ ਦਾ ਸ਼ਿਕਾਰ ਹੋਕੇ, ਕੋਈ ਧਨ-ਦੌਲਤ ਦੇ ਹੰਕਾਰ ਕਰਕੇ, ਕੋਈ ਗੋਰੇ ਰੰਗ ਦੇ ਮਾਣ ਕਰਕੇ, ਕੋਈ ਹੁਕੂਮਤ ਦੇ ਭੁਲੇਖੇ ਵਿੱਚ ਫਸ ਕੇ, ਕੋਈ ਉੱਚੀ ਜਾਤ ਦੇ ਹੰਕਾਰ ਦੀ ਭੁੱਲ ਵਿੱਚ ਫਸ ਕੇ ਦੁਖੀ ਹੋ ਰਿਹਾ ਹੈ। ਬਹੁਤ ਹੀ ਮੂਰਖ ਇਹ ਸਮਝਦਾ ਹੈ ਕਿ ਦੁਨੀਆਂ ਭਰ ਦੀਆਂ ਸਾਰੀਆਂ ਚਲਾਕੀਆਂ ਉਹ ਜਾਣਦਾ ਹੈ। ਉਦੋਂ ਦੁਖੀ ਹੁੰਦਾ ਹੈ, ਜਦੋਂ ਚੁਸਤ ਲੋਕ ਉਸ ਨੂੰ ਵੇਚ ਕੇ ਕੌੜੇ ਖਾ ਜਾਂਦੇ ਹਨ ਅਤੇ ਉਹ ਦੇਖਦਾ ਹੀ ਰਹਿ ਜਾਂਦਾ ਹੈ। ਜਿਸ ਦੇ ਪਿਓ ਨੇ ਕਦੇ ਇੱਕ ਅੱਖਰ ਵੀ ਨਹੀਂ ਪੜ੍ਹਿਆ ਭਾਵ ਅਨਪੜ ਵਿਅਕਤੀ ਹੈ। ਉਹ ਆਪਣੀ ਪ੍ਰਸੰਸਾ ਕਰਦਾ ਹੈ ਅਤੇ ਬੁੱਧੀਜੀਵੀਆਂ ਤੇ ਕਵੀਆਂ ਦੀ ਨਿੰਦਿਆ ਕਰਦਾ ਹੈ।

**(ਏ) ਕਹਿੰਦੇ ਹਨ 'ਬੰਦੇ' ਘੜਨ ਸਮੇਂ, ਰਬ ਸਭ ਦੇ ਕੰਨ 'ਚ ਕਹਿੰਦਾ ਹੈ,**
**'ਨਹੀਂ ਘੜਿਆ ਤੇਰੇ ਜਿਹਾ ਹੋਰ', ਬਸ 'ਬੰਦਾ' ਆਕੜ ਬਹਿੰਦਾ ਹੈ।**
**ਭੁਲ ਇਸੇ ਤਰਾਂ 'ਸ਼ੈਤਾਨ' ਹੁਰਾਂ, ਨਾ ਅਦਬ 'ਆਦਮ' ਦਾ ਕੀਤਾ ਸੀ,**
**'ਏਹ ਖ਼ਾਕੀ ਹੈ ਮੈਂ ਨਾਰੀ ਹਾਂ,' ਕਹਿ ਤੌਕ ਲਾਨ੍ਹਤੀ ਲੀਤਾ ਸੀ।**
**ਜਗ ਰੀਸ 'ਸ਼ੈਤਾਨੀ' ਕਰਦਾ ਹੈ, ਨਾ ਸਬਕ ਓਸ ਤੋਂ ਸਿਖਦਾ ਹੈ,**
**ਵਧ 'ਗ਼ਲਤ ਫ਼ਹਿਮੀਆਂ' ਸਿੱਖਦਾ ਹੈ, ਜਿਉਂ- ਜਿਉਂ ਵਧ ਪੜ੍ਹਦਾ ਲਿਖਦਾ ਹੈ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਆਧੁਨਿਕ-ਕਾਵਿ ਭਾਗ ਅਧੀਨ ਦਰਜ਼ ਸ.ਸ. ਚਰਨ ਸਿੰਘ ਸ਼ਹੀਦ ਦੁਆਰਾ ਲਿਖੀ ਹੋਈ ਕਵਿਤਾ 'ਗ਼ਲਤ ਫਹਿਮੀਆਂ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਦੱਸਿਆ ਗਿਆ ਕਿ ਸੰਸਾਰ ਵਿੱਚ ਮਨੁੱਖ ਦੇ ਪੈਦਾ ਹੋਣ ਸਮੇਂ ਰੱਬ ਦੀ ਕਹੀ ਇੱਕ ਗੱਲ ਕਰਕੇ ਉਹ ਆਪਣੇ ਆਪ ਨੂੰ ਦੂਜਿਆਂ ਨਾਲੋਂ ਉੱਤਮ ਸਮਝ ਕੇ ਕਈ ਪ੍ਰਕਾਰ ਦੀਆਂ ਗ਼ਲਤ ਫਹਿਮੀਆਂ ਵਿੱਚ ਪੈ ਕੇ ਕਈ ਪ੍ਰਕਾਰ ਦੇ ਦੁੱਖ ਕਸ਼ਟ ਭੋਗ ਰਿਹਾ ਹੈ।

**ਵਿਆਖਿਆ -** ਕਵੀ ਕਹਿੰਦਾ ਹੈ ਕਿ ਆਮ ਤੌਰ ਤੇ ਲੋਕ ਕਹਿੰਦੇ ਹਨ ਜਦੋਂ ਰੱਬ ਨੇ ਬੰਦਿਆਂ ਨੂੰ ਘੜਿਆ ਤਾਂ ਉਸ ਨੇ ਹਰੇਕ ਦੇ ਕੰਨ ਵਿੱਚ ਇੱਕ ਗੱਲ ਆਖੀ ਕਿ ਉਸ ਵਰਗਾ ਮੈਂ ਕਿਸੇ ਹੋਰ ਨੂੰ ਨਹੀਂ ਬਣਾਇਆ। ਬੱਸ ਇਹੀ ਗੱਲ ਦੇ ਕਾਰਨ ਬੰਦਾ ਗ਼ਲਤ ਫਹਿਮੀਆਂ ਅਤੇ ਆਕੜ ਵਿੱਚ ਆ ਜਾਂਦਾ ਹੈ। ਸ਼ੈਤਾਨ ਨੇ ਭੁੱਲ ਕੇ ਰੱਬ ਦੇ ਕਹਿਣ ਤੇ ਵੀ ਉਸ ਦੇ ਬਣਾਏ ਮਨੁੱਖ ਦਾ ਸਤਿਕਾਰ ਨਾ ਕੀਤਾ ਕਿਉਂਕਿ ਉਹ ਆਪਣੇ ਆਪ ਨੂੰ ਅੱਗ ਤੋਂ ਬਣਿਆ ਹੋਣ ਕਰਕੇ ਮਿੱਟੀ ਤੋਂ ਬਣੇ ਮਨੁੱਖ ਨਾਲੋਂ ਵਧੀਆ ਸਮਝਦਾ ਸੀ। ਇਸ ਕਰਕੇ ਉਸ ਦੇ ਗੱਲ ਵਿਚ ਹਮੇਸ਼ਾ ਹੀ ਲਾਹਨਤ ਦਾ ਪਟਾ ਪਿਆ ਰਿਹਾ। ਸੰਸਾਰ ਦੀ ਹਾਲਤ ਇਹ ਹੈ ਕਿ ਉਹ ਸ਼ੈਤਾਨ ਦੀ ਰੀਸ ਕਰਦਾ ਹੈ, ਪਰ ਉਸ ਦੀ ਗ਼ਲਤੀ ਤੋਂ ਸਬਕ ਨਹੀਂ ਲੈ ਰਿਹਾ। ਅਸਲ ਵਿੱਚ ਉਸ ਦਾ ਸੁਭਾਅ ਹੀ ਇਹੋ-ਜਿਹਾ ਹੈ ਕਿ ਉਹ ਜਿਵੇਂ-ਜਿਵੇਂ ਵੱਧ ਪੜ੍ਹਦਾ-ਲਿਖਦਾ ਜਾਂਦਾ ਹੈ। ਉਹ ਗ਼ਲਤ ਫਹਿਮੀਆਂ ਵਿੱਚ ਪੈਂਦਾ ਜਾਂਦਾ ਹੈ। ਜਿਸ ਦੇ ਕਾਰਨ ਉਹ ਦੁੱਖ ਸਹਿਣ ਕਰਦਾ ਹੈ।

**(ਸ) ਜੇ 'ਗ਼ਲਤ ਫ਼ਹਿਮੀਆਂ' ਤਜ ਬੰਦਾ, ਆਪਣੇ ਸਮ ਸਮਝੇ ਹੋਰਾਂ ਨੂੰ,**
**ਸੁਖ ਮਾਨ ਦਵੇ, ਸੁਖ ਮਾਨ ਲਵੇ, ਤਜ ਜ਼ੋਰਾਂ, ਸ਼ੋਰਾਂ, ਖੋਰਾਂ ਨੂੰ।**
**ਤਦ ਇਹੋ ਨਰਕ ਜੱਗ, ਸੁਰਗ ਬਣੇ, ਲੁਤਫ਼ਾਂ ਦਾ ਤੰਬੂ ਬਣ ਜਾਵੇ,**
**ਦਿਲ ਗੰਦ-ਮੰਦ ਤੋਂ ਸਾਫ਼ ਹੋਣ, ਹਰ ਬੰਦਾ 'ਸੁਥਰਾ' ਬਣ ਜਾਵੇ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਆਧੁਨਿਕ-ਕਾਵਿ ਭਾਗ ਅਧੀਨ ਦਰਜ਼ ਸ.ਸ. ਚਰਨ ਸਿੰਘ ਸ਼ਹੀਦ ਦੁਆਰਾ ਲਿਖੀ ਹੋਈ ਕਵਿਤਾ 'ਗ਼ਲਤ ਫਹਿਮੀਆਂ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਦੱਸਿਆ ਗਿਆ

ਕਿ  ਜੇਕਰ ਮਨੁੱਖ ਸਾਰੀਆਂ ਗ਼ਲਤ ਫਹਿਮੀਆਂ ਛੱਡ ਕੇ ਸਾਰਿਆਂ ਨੂੰ ਆਪਣੇ ਬਰਾਬਰ ਸਮਝ ਲਵੇ, ਤਾਂ ਸੰਸਾਰ ਸਵਰਗ ਬਣ ਸਕਦਾ ਹੈ।

**ਵਿਆਖਿਆ -** ਕਵੀ ਕਹਿੰਦਾ ਹੈ ਕਿ ਜੇਕਰ ਮਨੁੱਖ ਆਪਣੀ ਹਸਤੀ, ਤਾਕਤ, ਬੁੱਧੀ, ਰੰਗ, ਧਨ-ਦੌਲਤ ਅਤੇ ਜਾਤ-ਪਾਤ ਬਾਰੇ ਗ਼ਲਤ ਫਹਿਮੀਆਂ ਦਾ ਤਿਆਗ ਕਰ ਦੇਵੇ ਅਤੇ ਆਪਣੀ ਤਾਕਤ ਦੇ ਹੰਕਾਰ ਨੂੰ, ਆਪਣੀ ਹਉਮੈ ਨੂੰ, ਆਪਸੀ ਰੌਲੇ-ਰੱਪੇ ਨੂੰ ਅਤੇ ਦੁਸ਼ਮਣੀਆਂ ਨੂੰ ਛੱਡ ਕੇ ਦੂਜਿਆਂ ਨੂੰ ਆਪਣੇ ਬਰਾਬਰ ਸਮਝੇ ਅਤੇ ਨਾਲੇ ਖੁਦ ਸੁੱਖ ਮਾਣੇ ਅਤੇ ਨਾਲੇ ਦੂਸਰਿਆਂ ਨੂੰ ਮਾਨਣ ਦੇਵੇ, ਤਾਂ ਇਹ ਨਰਕ ਵਰਗਾ ਸੰਸਾਰ ਵੀ ਸਵਰਗ ਬਣ ਸਕਦਾ ਹੈ। ਇੱਥੇ ਸਾਧਾਂ ਦਾ ਡੇਰਾ ਲੱਗ ਜਾਵੇਗਾ, ਦਿਲ ਗੰਦ-ਮੰਦ ਤੋਂ ਸਾਫ ਹੋ ਜਾਣਗੇ ਅਤੇ ਬੰਦਾ ਪ੍ਰਮਾਤਮਾ ਵਾਂਗ ਹੀ ਸਾਫ਼-ਸੁਥਰਾ ਬਣ ਜਾਵੇਗਾ।

## ਕੇਂਦਰੀ ਭਾਵ

ਬੰਦਾ ਆਪਣੀ ਸ਼ਕਲ, ਤਾਕਤ, ਬੁੱਧੀ, ਰੰਗ, ਜਾਤ-ਪਾਤ ਅਤੇ ਧੰਨ-ਦੌਲਤ ਸਬੰਧੀ ਗ਼ਲਤ ਫ਼ਹਿਮੀਆਂ ਵਿੱਚ ਫਸ ਕੇ ਕਈ ਪ੍ਰਕਾਰ ਦੇ ਦੁੱਖ ਸਹਿਣ ਕਰਦਾ ਹੈ। ਜੇਕਰ ਹਰ ਕੋਈ ਬੰਦਾ ਇਨ੍ਹਾਂ ਗ਼ਲਤਫਹਿਮੀਆਂ, ਹੰਕਾਰ ਅਤੇ ਦੁਸ਼ਮਣੀਆਂ ਦਾ ਤਿਆਗ ਕਰ ਦੇਵੇ ਤਾਂ ਉਹ ਦੁਨੀਆਂ ਭਰ ਦੇ ਸੁੱਖਾਂ ਨੂੰ ਮਾਣ ਸਕਦਾ ਹੈ ਅਤੇ ਸੰਸਾਰ ਸਵਰਗ ਬਣ ਸਰਦਾ ਹੈ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1.  'ਗ਼ਲਤ ਫਹਿਮੀਆਂ' ਕਵਿਤਾ ਕਿਸ ਦੀ ਲਿਖੀ ਹੋਈ ਹੈ ?**

ਉੱਤਰ – ਸ.ਸ.ਚਰਨ ਸਿੰਘ ਸ਼ਹੀਦ ਦੀ।

**ਪ੍ਰਸ਼ਨ 2. ਕਵੀ ਨੂੰ ਦੁਨੀਆਂ ਦੀ ਕਿਹੜੀ ਗੱਲ ਦੇਖ ਕੇ ਹਾਸਾ ਆਉਂਦਾ ਹੈ ?**

ਉੱਤਰ - ਗਲਤ ਫਹਿਮੀਆਂ ।

**ਪ੍ਰਸ਼ਨ 3. ਗ਼ਲਤ ਫਹਿਮੀਆਂ ਵਿੱਚ ਪੈ ਕੇ ਲੋਕ ਕੀ ਸਹਿਣ ਕਰਦੇ ਹਨ ?**

ਉੱਤਰ – ਦੁੱਖ-ਤਕਲੀਫਾਂ  ।

**ਪ੍ਰਸ਼ਨ 4. ਧੁਨੀਆਂ ਦੀਆਂ ਰੀਸਾਂ ਕੌਣ ਕਰਦਾ ਹੈ ?**

ਉੱਤਰ – ਕੰਗਲਾ (ਗਰੀਬ) ।

**ਪ੍ਰਸ਼ਨ 5. ਕਵੀਆਂ ਦੀ ਨਿੰਦਿਆ ਕੌਣ ਕਰਦਾ ਹੈ ?**

ਉੱਤਰ - ਅਨਪੜ੍ਹ ਵਿਅਕਤੀ  ।

**ਪ੍ਰਸ਼ਨ 6. ਸੰਸਾਰ ਸਵਰਗ ਕਿਵੇਂ ਬਣ ਸਕਦਾ ਹੈ ?**

ਉੱਤਰ - ਜੇਕਰ ਮਨੁੱਖ ਗ਼ਲਤ ਫਹਿਮੀਆਂ ਤਿਆਗ ਦੇਵੇ  ।

**ਪ੍ਰਸ਼ਨ 7. ਆਦਮ ਦਾ ਅਦਬ ਨਾ ਕਰਨ ਦੀ ਭੁੱਲ ਕਿਸ ਨੇ ਕੀਤੀ ?**

ਉੱਤਰ - ਸ਼ੈਤਾਨ ਨੇ  ।



**ਤਿਆਰ ਕਰਤਾ - ਗੁਰਦੀਪ ਸਿੰਘ ਬਰਾੜ ਪੰਜਾਬੀ ਮਾਸਟਰ**
**ਸਰਕਾਰੀ ਸੀਨੀ. ਸੈਕੰ. ਸਕੂਲ ਕੋਟਲੀ ਅਬਲੂ,**
**ਸ੍ਰੀ ਮੁਕਤਸਰ ਸਾਹਿਬ**
**ਮੋ. 9193700037**